# ਦਫਤਰ ਉਪ ਮੰਡਲ ਅਫਸਰ(ਸ),ਪੰਜਾਬ ਮੰਡੀ ਬੋਰਡ ਅਬੋਹਰ।

ਨੰ:...568....                                                                                    ਮਿਤੀ:...12-9-18....

ਵੱਲ,

ਮੈਨੇਜਰ,
ਰਿਲਾਇੰਸ ਜੀਉ ਕੰਪਨੀ,
ਸੀ-135 ਇੰਡਸਟ੍ਰੀਅਲ ਏਰੀਆ ਫੇਜ-8
ਮੋਹਾਲੀ-160071

ਵਿਸ਼ਾ: ROW Permission for laying Optical Fiber Cable from Abohar Hindumalkot Road Killian Wali to Panjkosi to Danewala, to Abohar Hindumalkot road to chauk Jand Wala mira sangla FZK road ( 11765 mtrs) ਦੇ ਬਰਮ ਵਿੱਚ ਕੇਬਲ ਪਾਉਣ ਲਈ ਮਨਜ਼ੂਰੀ ਦੇਣ ਬਾਰੇ।

ਆਪ ਦੀ ਮੰਗ/ਬੇਨਤੀ ਨੂੰ ਮੁੱਖ ਰਖਦੇ ਹੋਏ ਵਿਸ਼ੇ ਅਧੀਨ ਪੱਕੀ ਸੜਕ ਦੇ ਨਾਲ ਨਾਲ ਕੱਚੀ ਜਗ੍ਹਾ/ਬਰਮ ਵਿੱਚੋ OFC ਪਾਉਣ ਸਬੰਧੀ ਹੇਠ ਲਿਖੀਆਂ ਸ਼ਰਤਾਂ ਤੇ ਐਨ.ਓ.ਸੀ.ਜਾਰੀ ਕੀਤੀ ਜਾਂਦਾ ਹੈ।

1. ਆਪਟੀਕਲ ਫਾਈਬਰ ਕੇਬਲ ਸੜਕ ਦੇ ਕਿਨਾਰੇ ਤੋ 5 ਫੁੱਟ ਦੀ ਦੂਰੀ ਤੋ ਬਾਹਰ ਘੱਟੋ-ਘੱਟ 3 ਫੁੱਟ ਤੋਂ 4 ਫੁੱਟ ਡੂੰਘੀ ਪਾਈ ਜਾਵੇ।
2. ਕੰਮ ਸ਼ੁਰੂ ਕਰਨ ਸਮੇਂ ਇਸ ਦਫਤਰ ਨੂੰ ਸੂਚਿਤ ਕੀਤਾ ਜਾਵੇ।
3. ਕੇਬਲ ਪਾਉਣ ਸਮੇ ਸੜਕ ਦੇ ਬਰਮ ਡੈਮੇਂਜ ਹੁੰਦੇ ਹਨ ਤਾਂ ਉਸ ਨੂੰ ਰਿਲਾਇੰਸ ਜੀਉ ਕੰਪਨੀ ਵੱਲੋ ਪ੍ਰਾਪਰ ਸਪੈਸੀਫਿਕੇਸ਼ਨਾਂ ਅਨੁਸਾਰ ਰੀ-ਸਟੋਰ ਕੀਤਾ ਜਾਵੇਗਾ।
4. ਕੰਮ ਦੇ ਸਮੇਂ ਦੋਰਾਨ ਆਵਾਜਾਈ ਨੂੰ ਨਿਰਵਿਘਨ ਚਾਲੂ ਰੱਖਣਾ ਯਕੀਨੀ ਬਣਾਇਆ ਜਾਵੇ।
5. ਕੇਬਲ ਪਾਉਣ ਸਮੇ ਸੜਕ ਤੇ ਕੱਟ ਕੀਤਾ ਜਾਂਦਾ ਹੈ ਤਾਂ ਪੁੱਟੇ ਹੋਏ ਥਾਂ ਨੂੰ ਦੁਬਾਰਾ ਸੀਮੇਂਟ ਬਜਰੀ ਪਾ ਕੇ ਪਹਿਲੀ ਹਾਲਤ ਵਿੱਚ ਠੀਕ ਕੀਤਾ ਜਾਵੇ।
6. ਤਾਰ ਪਾਉਣ ਨਾਲ ਭੱਵਿਖ ਵਿੱਚ ਸੜਕ ਨੂੰ ਕੋਈ ਨੁਕਸਾਨ ਹੁੰਦਾ ਹੈ ਰਿਲਾਇੰਸ ਜੀਉ ਕੰਪਨੀ ਦੀ ਜਿੰਮੇਵਾਰੀ ਹੋਵੇਗੀ।
7. ਭਵਿੱਖ ਵਿੱਚ ਜੇਕਰ ਇਸ ਸੜਕ ਨੂੰ ਚੋੜਾ ਕੀਤਾ ਜਾਂਦਾ ਹੈ ਤਾਂ ਮੌਕੇ ਦੀ ਲੋੜ ਨੂੰ ਮੁੱਖ ਰੱਖਦੇ ਹੋਏ ਕੇਬਲ ਲਾਈਨ ਨੂੰ ਬਿਨਾਂ ਕਿਸੇ ਨੋਟਿਸ ਦਿੱਤੇ ਹਟਾਇਆ ਜਾ ਸਕਦਾ ਹੈ।
8. ਇਹ ਪ੍ਰਵਾਨਗੀ ਕਿਸੇ ਕਾਨੂੰਨੀ ਕਾਰਵਾਈ ਦੇ ਹਿੱਤ ਵਿੱਚ ਨਹੀਂ ਹੈ।

ਉਪ ਮੰਡਲ ਅਫਸਰ(ਸ),
ਪੰਜਾਬ ਮੰਡੀ ਬੋਰਡ,
ਅਬੋਹਰ।

ਪਿੱਠ ਅੰਕਣ ਨੰ:.................... ਮਿਤੀ:......................

1. ਉਪਰੋਕਤ ਦਾ ਉਤਾਰਾ ਕਾਰਜਕਾਰੀ ਇੰਜੀਨੀਅਰ(ਸ),ਪੰਜਾਬ ਮੰਡੀ ਬੋਰਡ ਫਾਜਿਲਕਾ ਜੀ ਨੂੰ ਉਨ੍ਹਾਂ ਦੇ ਪਿੱਠ ਅੰਕਣ ਨੰ: 6619 ਮਿਤੀ 31-08-2018 ਦੇ ਸਬੰਧ ਵਿੱਚ ਸੂਚਿਤ ਕੀਤਾ ਜਾਂਦਾ ਹੈ ਕਿ ਕੰਪਨੀ ਵੱਲੋ ਅਬੋਹਰ ਹਿੰਦੂਮਲਕੋਟ ਰੋਡ ਕਿੱਲਿਆਂਵਾਲੀ ਤੋ ਪੰਜਕੋਸੀ ਦਾਨੇ ਵਾਲਾ ਤੋ ਅਬੋਹਰ ਹਿੰਦੂਮਲਕੋਟ ਰੋਡ ਤੱਕ ਚੋਂਕ ਜੰਡ ਵਾਲਾ ਤੱਕ ਕੇਬਲ ਪਾਉਣ ਲਈ ਮੰਨਜੂਰੀ ਦੀ ਮੰਗ ਕੀਤੀ ਗਈ ਸੀ। ਕੰਪਨੀ ਨੂੰ ਉਪਰੋਕਤ ਲਿਖੀਆ ਸ਼ਰਤਾ ਤੇ ਕੇਬਲ ਲਾਈਨ ਪਾਉਣ ਦੀ ਪ੍ਰਵਾਨਗੀ ਦੇ ਦਿੱਤੀ ਜਾਦੀ ਹੈ।ਇਹ ਆਪ ਜੀ ਦੀ ਸੂਚਨਾ ਹਿੱਤ ਹੈ ਜੀ।

ਸਹੀ/-
ਉਪ ਮੰਡਲ ਅਫਸਰ(ਸ),
ਪੰਜਾਬ ਮੰਡੀ ਬੋਰਡ,
ਅਬੋਹਰ।

Scanned by CamScanner